## ਅਣਫਰੋਲੇ ਵਰਕੇ

ਗੁਰਮੇਲ ਸਿੰਘ ਬੌਡੇ

# ਮੁੱਖ ਮੰਤਰੀ ਨਾਲ ਹਾਜਤ ਮਿਲਣੀ

ਮਨੁੱਖ ਦੀ ਜ਼ਿੰਦਗੀ ਵਿਚ ਕਈ ਵਾਰ ਅਚਨਚੇਤੀ ਅਜਿਹਾ ਕੁਝ ਵਾਪਰ ਜਾਂਦਾ ਹੈ ਜਾਂ ਸਮਾਂ ਮਨੁੱਖ ਨੂੰ ਅਜਿਹੇ ਮਹੱਤਵਪੂਰਨ ਵਿਅਕਤੀ ਨੂੰ ਤੁਹਾਡੇ ਅੱਗੇ ਖੜ੍ਹਾ ਕਰ ਦਿੰਦਾ ਹੈ ਕਿ ਅੱਖਾਂ ਨੂੰ ਯਕੀਨ ਹੀ ਨਹੀਂ ਆਉਂਦਾ ਕਿ ਕੀ ਅਸੀਂ ਸੁਪਨਾ ਦੇਖ ਰਹੇ ਹਾਂ ਜਾਂ ਯਥਾਰਥ। ਮੁੱਖ ਮੰਤਰੀ ਇਕ ਅਜਿਹੀ ਰਾਜਨੀਤਕ ਹਸਤੀ ਹੈ ਕਿ ਜਿਸਨੂੰ ਮਿਲਣ ਲਈ ਆਮ ਬੰਦੇ ਨੂੰ ਮਸਾਂ ਸਮਾਂ ਲੈਣਾ ਪੈਂਦਾ ਹੈ। ਕਈ ਮਹੀਨਿਆਂ ਦੀ ਕੋਸ਼ਿਸ਼ ਤੋਂ ਬਾਅਦ ਘੰਟਿਆਂਬੱਧੀ ਉਡੀਕ ਕਰਨੀ ਪੈਂਦੀ ਹੈ। ਇਹ ਵੱਖਰੀ ਗੱਲ ਹੈ ਕਿ ਵੋਟਾਂ ਵੇਲੇ ਏਹੀ ਮੰਤਰੀ ਜਦੋਂ ਚੋਣਾਂ ਦੇ ਐਲਾਨ ਤੋਂ ਬਾਅਦ ਨਾ-ਮਾਤਰ ਦੇ ਮੰਤਰੀ ਰਹਿ ਜਾਂਦੇ ਹਨ ਤਾਂ ਆਮ ਮਨੁੱਖ ਨਾਲ ਰਾਬਤਾ ਕਾਇਮ ਕਰਦੇ ਹਨ। ਰਾਹੁਲ ਗਾਂਧੀ ਵਾਂਗ ਕਿਸੇ ਝੌਂਪੜਪੱਟੀ ਵਿਚ ਬੈਠ ਕੇ ਖਾਣਾ ਵੀ ਖਾ ਆਉਂਦੇ ਹਨ। ਅਜਿਹੇ ਸਮੇਂ ਚੋਣ ਰੈਲੀਆਂ ਦੌਰਾਨ ਗੁੱਸੇ ਤੇ ਕਾਬੂ ਨਾ ਰੱਖ ਸਕਣ ਕਾਰਨ ਕਈ ਵਿਅਕਤੀਆਂ ਇਨ੍ਹਾਂ ਹਸਤੀਆਂ ਵੱਲ ਜੋੜਾ ਜੁੱਤੀ ਵੀ ਵਗਾਹ ਮਾਰਦੇ ਹਨ ਤੇ ਇਹ ਦਰਿਆ ਦਿਲੀ ਦਿਖਾਉਂਦੇ ਹੋਏ ਮੁਆਫ਼ ਵੀ ਕਰ ਦਿੰਦੇ ਹਨ। ਜਦ ਇਹ ਹਕੂਮਤੀ ਨਸ਼ੇ ਵਿਚ ਹੁੰਦੇ ਹਨ ਤਾਂ ਅਕਾਲ ਤਖ਼ਤ ਵਰਗੀ ਸਰਵ ਉੱਚ ਜਗ੍ਹਾ ਤੇ ਪੁਰਾਣੇ ਤੇ ਅਜੋਕੇ ਅਕਾਲੀਆਂ ਜਾਂ ਸਿੱਖ ਆਗੂਆਂ ਦੀ ਤੁਲਨਾ ਕਰਨ ਵਾਲੇ ਢਾਡੀਆਂ ਤੋਂ ਮਾਈਕ ਵੀ ਖੋਹ ਲੈਂਦੇ ਹਨ। ਬੋਲ ਕੁਬੋਲ ਵੀ ਕਰਦੇ ਹਨ ਜਾਂ ਕਥਾ ਵਾਚਕਾਂ ਦੀ ਕਥਾ ਰੋਕਣ ਜਾਂ ਪੰਜ ਪਿਆਰਿਆਂ ਦੀ ਹੋਂਦ ਹਸਤੀ ਨੂੰ ਵੀ ਹਕੂਮਤੀ ਨਸ਼ੇ ਵਿਚ ਲਿਤਾੜ ਦਿੰਦੇ ਹਨ। ਇਹ ਵਰਤਾਰਾ ਸਿੱਧ ਕਰ ਦਿੰਦਾ ਹੈ ਕਿ ਹਾਥੀ ਦੇ ਦੰਦ ਖਾਣ ਲਈ ਹੋਰ ਤੇ ਦਿਖਾਉਣ ਲਈ ਹੋਰ ਹੁੰਦੇ ਹਨ।

ਪਰ ਉਸ ਸਮੇਂ ਕਾਂਗਰਸ ਦੀ ਹਕੂਮਤ ਸੀ। ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ। ਮਜ਼ਦੂਰ, ਕਿਸਾਨ, ਮੁਲਾਜ਼ਮ ਤੇ ਵਿਦਿਆਰਥੀ ਜਥੇਬੰਦੀਆਂ ਉਸ ਸਮੇਂ ਦੇ ਮੁੱਖ ਮੰਤਰੀ ਦੇ ਵਰਤਾਰੇ ਤੋਂ ਭਰੇ ਫੋੜੇ ਵਾਂਗ ਫਿਸਣ ਤੇ ਪਹੁੰਚੇ ਹੋਏ ਸਨ। ਲੋਕਾਂ ਦੇ ਚੁਣੇ ਹੋਏ ਵਿਧਾਇਕਾਂ ਦੀ ਵੀ ਇਹ ਸ਼ਿਕਾਇਤ ਸੀ ਕਿ ਮਹਾਰਾਜਾ ਤਾਂ ਉਹਨਾਂ ਨੂੰ ਵੀ ਮਿਲਣ ਦਾ ਜਾਂ ਸਮੱਸਿਆ ਦੱਸਣ ਦਾ ਸਮਾਂ ਨਹੀਂ ਦੇ ਰਹੇ। ਜਿਵੇਂ ਅੱਜ ਕਾਂਗਰਸ ਪਾਰਟੀ ਕਿਸਾਨ, ਮਜ਼ਦੂਰ, ਮੁਲਾਜ਼ਮਾਂ ਦੇ ਧਰਨੇ ਮੁਜ਼ਾਹਰਿਆਂ ਤੇ ਆਪਣੀ ਹਮਦਰਦੀ ਜਾਹਰ ਕਰ ਰਹੇ ਹਨ। ਉਸ ਵੇਲੇ ਅਕਾਲੀ ਦਲ ਦੇ ਆਗੂ ਤਖ਼ਤ ਬਦਲ ਦਿਓ ਤਾਜ ਬਦਲ ਦਿਓ, ਬੇਈਮਾਨਾਂ ਦਾ ਰਾਜ ਬਦਲ ਦਿਓ ਦਾ ਰਾਗ ਅਲਾਪ ਰਹੇ ਸਨ। ਹਾਲਾਂਕਿ ਕੈਪਟਨ ਵੱਲੋਂ ਪੰਜਾਬ ਦੇ ਪਾਣੀਆਂ ਤੇ ਲਏ ਸਟੈਂਟ ਉਪਰ ਅਤੇ ਵਿਧਾਇਕਾਂ ਦੇ ਵਧਾਏ ਜਾ ਰਹੇ ਭੱਤਿਆਂ ਦੇ ਸਮੇਂ ਇਹ ਘਿਓ ਖਿਚੜੀ ਦੀ ਭੂਮਿਕਾ ਨਿਭਾ ਲੈਂਦੇ ਹਨ। ਏਹੀ ਨਹੀਂ ਆਪਸ ਵਿਚ ਰਿਸ਼ਤੇਦਾਰੀਆਂ ਕੱਢ ਲੈਂਦੇ ਹਨ। ਉਸ ਸਮੇਂ ਅਜਿਹਾ ਹੀ ਵਰਤਾਰਾ ਸੀ। ਪ੍ਰਕਾਸ਼ ਸਿੰਘ ਬਾਦਲ ਉਸ ਸਮੇਂ ਵਿਰੋਧੀ ਧਿਰ ਦੇ ਮੁੱਖ ਨੇਤਾ ਸਨ।

2005 ਦੀ ਅਪ੍ਰੈਲ-ਮਈ ਦਾ ਮਹੀਨਾ ਸੀ। ਲੋਕ ਕਣਕ ਨੂੰ ਸਾਂਭ ਕੇ ਅਗਲੀ ਤਿਆਰੀ ਵਿਚ ਲੱਗੇ ਹੋਏ ਸਨ। ਮੈਂ ਕਮਲ ਅਤੇ ਮੀਨੀਆਂ ਵਾਲੇ ਗੋਰੇ ਨਾਲ ਮੋਗੇ ਵੱਲ ਕਿਸੇ ਕੰਮ ਜਾ ਰਹੇ ਸੀ। ਮੈਨੂੰ ਅਚਾਨਕ ਪਿਸ਼ਾਬ ਦੀ ਹਾਜਤ ਦਾ ਜ਼ੋਰ ਪਿਆ ਤੇ ਮੈਂ ਕਮਲ ਨੂੰ ਕਿਹਾ, "ਕਮਲ ਗੱਡੀ ਰੋਕੀ ਯਾਰ ਮੇਰੇ ਕੋਲੋਂ ਤਾਂ ਪਿਸ਼ਾਬ ਕੰਟਰੋਲ ਨਹੀਂ ਹੋ ਰਿਹਾ।" ਮਾਮਾ ਉਦੋਂ ਤਾਂ ਸਵੇਰੇ-ਸਵੇਰੇ ਜੱਗ ਪਾਣੀ ਦਾ ਪੀ ਜਾਂਦਾ ਏ ਹੁਣ ਘੰਟੇ 'ਚ ਦੱਸ-ਦੱਸ ਵਾਰ ਮੂਤਦਾ ਏ, "ਅਜੇ ਤਾਂ ਘਰੋਂ ਚੱਲਿਆਂ ਨੂੰ ਪੰਜ ਮਿੰਟ ਵੀ ਨਹੀਂ ਹੋਏ ਤੇਰੀ ਤਾਂ ਉਹ ਗੱਲ ਐ ਕਿ ਕੋਹ ਨਾ ਚੱਲੀ ਬਾਬਾ ਤਿਹਾਈ।" "ਗੋਰੇ ਏਥੇ ਤਾਂ ਹੁਣ ਅਖਾਣ ਪਲਟ ਗਿਆ ਹੈ ਤੂੰ ਇਉਂ ਕਹਿ ਕਿ ਕੋਹ ਨਾ ਚੱਲੀ ਬਾਬਾ ਮੂਤਾਈ ਬਾਕੀ।" "ਬੇਟੇ ਡਾਕਟਰ ਕਹਿੰਦੇ ਹਨ ਕਿ ਸਵੇਰੇ ਉਠਣ ਸਾਰ ਵੱਧ ਤੋਂ ਵੱਧ ਪਾਣੀ ਖਾਸ ਕਰਕੇ ਨਿੰਬੂ ਤੇ ਸ਼ਹਿਦ ਮਿਲਾ ਕੇ ਪੀਣਾ ਚਾਹੀਦਾ ਹੈ। ਮੈਂ ਪਾਣੀ ਦਾ ਜੱਗ ਤਾਂ ਨਹੀਂ ਸਗੋਂ ਦੋ ਗਿਲਾਸ ਜ਼ਰੂਰ ਪੀਂਦਾ ਹਾਂ। ਇਹ ਮਨੁੱਖ ਦੇ ਗੁਰਦਿਆਂ ਲਈ ਇਕ ਰਾਮ ਬਾਣ ਹਨ।" ਕਮਲ ਨੇ ਬੀੜ ਬੱਧਨੀ ਤੇ ਮੱਟ-ਹਿਆਣਾ ਕੋਲ ਬਣੇ ਪੈਟਰੋਲ ਪੰਪ ਤੇ ਗੱਡੀ ਰੋਕ ਤੇ ਮੈਂ ਪੂਰੀ ਤੇਜ਼ੀ ਨਾਲ ਪੈਟਰੋਲ ਪੰਪ ਦੇ ਬਾਥਰੂਮ ਵੱਲ ਵਧਿਆ। ਜਦੋਂ ਮੈਂ ਬਾਥਰੂਮ ਵੱਲ ਜਾ ਰਿਹਾ ਸਾਂ ਤਾਂ ਮੇਰੇ ਕੰਨਾਂ ਵਿਚ ਪੁਲਿਸ ਦੀਆਂ ਗੱਡੀਆਂ ਦੇ ਹੂਟਰ ਮਾਰ ਕੇ ਲੰਘਣ ਦੀ ਆਵਾਜ਼ ਕੰਨੀਂ ਪਈ। ਹੋਵੇਗਾ ਕੋਈ ਲੀਡਰ-ਲੂਡਰ ਮੈਂ ਮਨ ਹੀ ਮਨ ਸੋਚਿਆ ਤੇ ਪੈਟਰੋਲ ਪੰਪ ਤੇ ਬਣੇ ਬਾਥਰੂਮ ਵਿਚ ਹਾਜਤ ਕਰਨ ਲੱਗਾ। ਅਚਾਨਕ ਹੂਟਰ ਮਾਰਦੀਆਂ ਗੱਡੀਆਂ ਪੈਟਰੋਲ ਪੰਪ ਤੇ ਆਈਆਂ। ਸ਼ਾਇਦ ਤੇਲ ਵਗੈਰਾ ਭਰਵਾਉਣ ਆਈਆਂ ਹੋਣਗੀਆਂ।

"ਠੱਕ ਠੱਕ" ਅਚਾਨਕ ਬਾਥਰੂਮ ਤੇ ਕਿਸੇ ਨੇ ਦਸਤਕ ਦਿੱਤੀ।

"ਕੌਣ"" ਮੈਂ ਅੰਦਰੋਂ ਪਿਸ਼ਾਬ ਕਰਨ ਤੋਂ ਪਹਿਲਾਂ ਕਿਹਾ।

"ਭਾਈ ਮੈਂ ਬੁੜ੍ਹਾ ਬੰਦਾ ਹਾਂ ਮੇਰੇ ਤੋਂ ਪਿਸ਼ਾਬ ਕੰਟਰੋਲ ਨਹੀਂ ਹੋ ਰਿਹਾ ਮੇਹਰਬਾਨੀ ਕਰਕੇ ਜਲਦੀ ਦਰਵਾਜ਼ਾ ਖੋਲੋ। ਮੈਂ ਆਪਣੀ ਹਾਜਤ ਤੇ ਕਾਬੂ ਪਾ ਕੇ ਬਾਥਰੂਮ ਦਾ ਦਰਵਾਜ਼ਾ ਖੋਹਲਿਆ ਤਾਂ ਪਜਾਮੇ ਦੇ ਨਾਲੇ ਦੀਆਂ ਗੰਢਾਂ ਖੋਹਲਦੇ ਪ੍ਰਕਾਸ਼ ਸਿੰਘ ਬਾਦਲ ਅੰਦਰ ਆਏ।" ਬਾਦਲ ਸਾਹਿਬ ਤੁਸੀਂ ਸਤਿ ਸ੍ਰੀ ਅਕਾਲ। ਮੈਂ ਹੈਰਾਨੀ ਤੇ ਅਚੰਭੇ ਨਾਲ ਕਿਹਾ। ਮੇਰੇ ਖਾਕੀ ਪੱਗ ਤੇ ਲਾਲ ਫਿਫਟੀ ਲੱਗੀ ਉਹਨਾਂ ਦੇਖ ਲਈ ਸੀ। ਪੈਟਰੋਲ ਪੰਪ ਦੇ ਬਾਥਰੂਮ (ਪਿਸ਼ਾਬ ਘਰ) ਵਿਚ ਤਿੰਨ ਕੁ ਯੂਰਾਈਨ ਪਾਟ ਲੱਗੇ ਹੋਏ ਸਨ। ਦੂਸਰੇ ਪਾਸੇ ਹਾਜਤ ਕਰਨ ਲੱਗੇ। ਵਾਸ਼ਬੇਸਨ ਤੇ ਹੱਥ ਸਾਫ਼ ਕਰਦਿਆਂ ਉਹਨਾਂ ਮੇਰੇ ਤੋਂ ਪੁੱਛਿਆ "ਕਾਕਾ ਜੀ ਕਿਹੜੇ ਥਾਣੇ ਵਿਚ ਲੱਗੇ ਹੋ?" ਬਾਦਲ ਸਾਹਿਬ ਮੈਂ ਕਿਸੇ ਥਾਣੇ ਵਿਚ ਨਹੀਂ ਸਗੋਂ ਅਗਲੇ ਕਸਬੇ ਬੱਧਨੀ ਕਲਾਂ ਵਿਚ ਲੜਕੀਆਂ ਦੇ ਸਕੂਲ ਵਿਚ ਅਧਿਆਪਕ ਹਾਂ।" ਤੁਹਾਡਾ ਪਿੰਡ ਕਿਹੜਾ ਹੈ? ਇਥੋਂ ਢਾਈ ਕੁ ਕਿਲੋਮੀਟਰ ਪਿੱਛੇ ਬੌਡੇ ਪਿੰਡ ਹੈ ਮੇਰਾ। "ਸਰਪੰਚ ਕਾਂਗਰਸੀ ਹੈ ਜਾਂ ਅਕਾਲੀ ਪਾਰਟੀ ਦਾ ਹੈ।" ਉਹਨਾਂ ਅਗਲਾ ਸਵਾਲ ਕੀਤਾ। "ਜੀ ਅਕਾਲੀ ਪਾਰਟੀ ਦਾ ਹੈ'। "ਬਹੁਤ ਚੰਗੀ ਗੱਲ ਹੈ। ਸਾਡਾ ਖਿਆਲ ਰੱਖਣਾ ਤਾਂ ਜੋ ਲੋਕਾਂ ਦਾ ਇਸ ਜਾਬਰ ਰਾਜ ਤੋਂ ਖਹਿੜਾ ਛੁੱਟ ਸਕੇ।" ਜੀ ਗਰੀਬੀ-ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਦੂਰ ਕਰਕੇ ਸਮਾਨਤਾ ਵਾਲੀ ਹਾਲਤ ਲਿਆਏ ਬਿਨਾਂ ਲੋਕਾਂ ਦਾ ਖਹਿੜਾ ਛੁੱਟਣਾ ਮੁਸ਼ਕਲ ਹੈ। "ਕਾਕਾ ਜੀ ਦੇਖੋ ਨਾਂ ਪੰਜਾਬ 'ਚ ਕੀ ਹੋ ਰਿਹਾ ਹੈ। ਕਿਸਾਨਾਂ ਕੋਲੋਂ ਧੱਕੇ ਨਾਲ ਜ਼ਮੀਨ ਖੋਹ ਕੇ ਟਰਾਈਡੈਂਟ ਕੰਪਨੀ ਨੂੰ ਦੇ ਰਹੀ ਹੈ। ਕਿਸਾਨ ਯੂਨੀਅਨਾਂ ਆਪਣੇ ਹੱਕਾਂ ਲਈ ਲੜ ਰਹੇ ਹਨ ਤੇ ਅਸੀਂ ਉਸੇ ਇਲਾਕੇ ਦੇ ਕਿਸਾਨਾਂ ਦੀ ਹਮਾਇਤ ਵਿਚ ਜਾ ਕੇ ਆ ਰਹੇ ਹਾਂ।" "ਬਹੁਤ ਚੰਗੀ ਗੱਲ ਹੈ ਪਰ ਹਕੂਮਤ ਵਿਚ ਆ ਕੇ ਹਰ ਪਾਰਟੀ ਦਾ ਨਜ਼ਰੀਆ ਲੋਕਾਂ ਪ੍ਰਤੀ ਬਦਲ ਜਾਂਦਾ ਹੈ। ਲੋਕ ਪਹਿਲਾਂ ਵਾਂਗ ਹੀ ਗਰੀਬੀ, ਮਹਿੰਗਾਈ, ਬੇ-ਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਦੀ ਚੱਕੀ 'ਚ ਪਿਸਦੇ ਹਨ।" ਕਾਕਾ ਜੀ ਸਾਡੇ ਰਾਜ ਵਿਚ ਅਜਿਹਾ ਨਹੀਂ ਹੋਵੇਗਾ ਤੁਸੀਂ ਸਾਡੇ ਲਈ ਕੋਸ਼ਿਸ਼ ਕਰੋ। "ਇਹ ਕਹਿ ਕੇ ਉਹਨਾਂ ਮੇਰੇ ਨਾਲ ਹੱਥ ਮਿਲਾਉਣ ਲਈ ਹੱਥ ਕੱਢਿਆ। ਮੈਂ ਵੀ ਉਹਨਾਂ ਨਾਲ ਹੱਥ ਮਿਲਾਉਂਦੇ ਹੋਏ ਕਿਹਾ "ਬਾਦਲ ਸਾਹਿਬ ਅਸੀਂ ਸਰਕਾਰੀ ਮੁਲਾਜ਼ਮ ਹਾਂ ਸਾਡੇ ਹੱਥ ਬੰਨ੍ਹੇ ਹੋਏ ਹਨ ਅਸੀਂ ਖੁੱਲ੍ਹ ਕੇ ਕਿਸੇ ਪਾਰਟੀ ਦੀ ਹਮਾਇਤ ਨਹੀਂ ਕਰ ਸਕਦੇ। ਸਗੋਂ ਹਰ ਚੋਣਾਂ ਵਿਚ ਚਾਹੇ ਉਹ ਪੰਚਾਇਤੀ ਹੋਣ ਜਾਂ ਵਿਧਾਨ ਸਭਾ ਦੀਆਂ ਜਾਂ ਲੋਕ ਸਭਾ ਦੀਆਂ ਹੋਣ ਅਸੀਂ ਤਾਂ ਸਿਰਫ਼ ਵੋਟਾਂ ਪੁਆਉਣ ਵਾਲੇ ਸੰਦ ਬਣ ਕੇ ਰਹਿ ਜਾਂਦੇ ਹਾਂ। ਸਾਡੀ ਤਾਂ ਆਪਣੀ ਵੋਟ ਰਹਿ ਜਾਂਦੀ ਹੈ।" "ਇਹ ਤਾਂ ਠੀਕ ਹੈ ਇਹ ਤਾਂ ਠੀਕ ਹੈ" ਬਾਥਰੂਮ 'ਚੋਂ ਬਾਹਰ ਆਉਂਦੇ ਸਮੇਂ ਕਿਹਾ ਤੇ ਤੇਜ਼-ਤੇਜ਼ ਕਦਮ ਚੱਲਦੇ ਹੋਏ ਆਪਣੀ ਗੱਡੀ ਵੱਲ ਵਧੇ ਤੇ ਉਸ ਦੇ ਅੱਗੇ ਪਿੱਛੇ ਹੂਟਰ ਮਾਰਦੀਆਂ ਗੱਡੀਆਂ ਵਰੋਲੇ ਉਡਾਉਂਦੀਆਂ ਬੱਧਨੀ ਕਲਾਂ ਵੱਲ ਚੱਲ ਪਈਆਂ। ਜਦ ਮੈਂ ਆਪਣੀ ਗੱਡੀ 'ਚ ਬੈਠਣ ਲੱਗਾ ਤਾਂ ਕਮਲ ਤੇ ਗੋਰੇ ਨੇ ਕਿਹਾ "ਤੇਰੇ ਨਾਲੋਂ ਬਾਦਲ ਨੂੰ ਵੱਧ ਪ੍ਰੈਸ਼ਰ ਪਿਆ ਹੋਇਆ ਸੀ। ਉਹ ਤਾਂ ਪੈਟਰੋਲ ਪਾਉਣ ਵਾਲੀਆਂ ਮਸ਼ੀਨਾਂ ਕੋਲੋਂ ਹੀ ਤੇਜ਼ੀ ਨਾਲ ਪਜ਼ਾਮੇ ਦੀਆਂ ਗੰਢਾਂ ਖੋਹਲਣ ਲੱਗ ਪਿਆ ਸੀ। ਉਹਨਾਂ ਕਿਹਾ।" ਹਾਂ ਪਜਾਮੇ ਥੱਲੇ ਕਛਹਿਰਾ ਵੀ ਸੀ। ਜਿਸ ਦੀਆਂ ਗੰਢਾਂ ਉਸ ਨੇ ਮੇਰੇ ਕੋਲ ਖੋਹਲੀਆਂ। ਮੇਰੇ ਇਹ ਦੱਸਣ ਤੇ ਕਮਲ ਤੇ ਗੋਰਾ ਹੱਸ ਪਏ ਤੇ ਕਿਹਾ "ਅੱਜ ਤਾਂ ਮਾਸਟਰ ਦੀ ਬਾਦਲ ਨਾਲ ਮੁਲਾਕਾਤ ਹੋ ਗਈ ਤੇ ਉਹ ਵੀ ਬਾਥਰੂਮ ਵਿਚ" ਹਾਂ ਸਾਡੀ ਦੋਹਾਂ ਦੀ ਸਥਿਤੀ ਇਕ ਸੀ ਉਹਨਾਂ ਨੂੰ ਵੀ ਪਿਸ਼ਾਬ ਦਾ ਜ਼ੋਰ ਸੀ ਤੇ ਮੈਨੂੰ ਵੀ ਸੀ। ਮੈਂ ਕਿਹਾ। "ਅੱਜ ਤਾਂ ਬਾਥਰੂਮ ਹੀ ਤੇਰੇ ਤੇ ਬਾਦਲ ਲਈ ਸੈਕਟਰੀਏਟ ਬਣ ਗਿਆ ਤੇ ਬਿਨਾਂ ਅਪਾਇੰਟਮੈਂਟ ਲਿਆ ਤੁਹਾਡੀ ਬਾਥਰੂਮ ਮਿਲਣੀ ਹੋ ਗਈ। ਚੱਲੋ ਜ਼ਿੰਦਗੀ 'ਚ ਇਹ ਦਿਨ ਵੀ ਯਾਦ ਰਹੇਗਾ।" ਗੋਰੇ ਨੇ ਕਿਹਾ।

- ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



ਇਹ ਦਿਨ ਯਾਦ ਕਰਨ ਦਾ ਸਬੱਬ ਵੀ ਇਕ ਲੇਖ ਬਣਿਆ। ਪਿਛਲੇ ਹਫ਼ਤੇ ਪੰਜਾਬੀ ਟ੍ਰਿਬਿਊਨ ਵਿਚ ਗੁਲਜ਼ਾਰ ਸਿੰਘ ਸੰਧੂ ਦਾ ਇੰਦਰ ਕੁਮਾਰ ਗੁਜਰਾਲ ਬਾਰੇ ਲੇਖ ਪੜ੍ਹਿਆ ਕਿ ਆਈ.ਕੇ. ਗੁਜਰਾਲ ਉਹਨਾਂ ਦਾ ਅਤਿ ਨੇੜਲਾ ਮਿੱਤਰ ਸੀ। ਜਦ ਉਹ ਪ੍ਰਧਾਨ ਮੰਤਰੀ ਬਣੇ ਤਾਂ ਉਹਨਾਂ ਉਸ ਨੂੰ ਮਿਲਣ ਲਈ ਕਦੇ ਪ੍ਰੀਤਮ ਸਿੰਘ ਭਾਪਾ ਕਦੇ ਅੰਮ੍ਰਿਤਾ ਪ੍ਰੀਤਮ ਤੇ ਹੋਰਨਾਂ ਸਾਹਿਤਕਾਰਾਂ ਨਾਲ ਮਿਲਣ ਦੀਆਂ ਬਣਤਾਂ ਬਣਾਈਆਂ ਪਰ ਸਭ ਅਸਫਲ ਰਹੀਆਂ। ਇਹ ਲੇਖ ਪੜ੍ਹਦੇ ਸਮੇਂ ਮੈਨੂੰ ਪ੍ਰਕਾਸ਼ ਸਿੰਘ ਬਾਦਲ ਨਾਲ ਆਪਣੀ ਨਿੱਕੀ ਜਿਹੀ ਤੇ ਦੋ ਕੁ ਗੱਲਾਂਬਾਤਾਂ ਦੀ ਮਿਲਣੀ ਯਾਦ ਆ ਗਈ। ਜੋ ਬਿਨਾਂ ਕਿਸੇ ਤਰੱਦਦ ਦੇ, ਬਿਨਾਂ ਕਿਸੇ ਕੋਸ਼ਿਸ਼ ਦੇ ਹੋ ਗਈ। ਉਸ ਦਿਨ ਜਦ ਘਰ ਆ ਕੇ ਬਾਪੂ ਜੀ ਨੂੰ ਦੱਸਿਆ ਤਾਂ ਉਹ ਹੱਸ ਪਏ ਕਿ ਤੁਹਾਡੀ ਮਿਲਣੀ ਤਾਂ ਦੋ ਅਮਲੀਆ ਵਰਗੀ ਸੀ। ਇਕ ਵਾਰ ਆਪਣੇ ਪਿੰਡ ਦਾ ਚੋਗੂ ਅਮਲੀ ਤੇ ਪਿੰਡ 'ਚੋਂ ਸਭ ਤੋਂ ਵੱਧ ਅਮੀਰ ਬੰਦਾ ਜੁਆਲੀ ਸਿੰਘ ਇਕ ਵਾਹਣ ਵਿਚ ਹਾਜਤ ਸਮੇਂ ਇਕੱਠੇ ਹੋ ਗਏ। ਉਹਨਾਂ ਨੂੰ ਕਬਜ਼ ਦੀ ਸ਼ਿਕਾਇਤ ਸੀ ਕਿਉਂਕਿ ਦੋਵੇਂ ਚੰਗਾ ਮਾਵਾ ਛਕਦੇ ਸਨ। ਉਹ ਇਕ ਦੂਜੇ ਨੂੰ ਪੁੱਛੀ ਜਾਣ ਕਿ "ਓਏ ਚੋਗੂਆ ਤੂੰ ਰਾਤ ਕੀ ਖਾਧਾ ਸੀ ਜਿਹੜਾ ਐਨਾ ਔਖਾ ਹੋਈ ਜਾਨੈ"। "ਸਰਦਾਰਾ ਗਰੀਬਾਂ ਨੇ ਕੀ ਖਾਣਾ ਸੀ ਬਾਜਰੇ ਦੀ ਰੋਟੀ ਨਾਲ ਚਿੱਬੜਾਂ ਦੀ ਚਟਣੀ ਖਾਧੀ ਸੀ।" ਤੇ ਸਰਦਾਰਾ ਔਖਾ ਤੂੰ ਵੀ ਮੇਰੇ ਜਿੰਨਾ ਈ ਏ ਤੂੰ ਕੀ ਖਾਧਾ ਸੀ "ਸਰੋਂ ਦੇ ਤੇਲ ਦਾ ਤੜਕਾ ਲਾ ਕੇ ਟਿੰਡੇ ਦੀ ਸਬਜ਼ੀ ਖਾਧੀ ਸੀ ਦੁਪਹਿਰ ਦੀ ਚਾਹ ਨਾਲ ਥੋੜ੍ਹਾ ਜੇਹਾ ਮਾਵਾ ਖਾਧਾ ਸੀ। ਪਤਾ ਨੀ ਕੀ ਗੱਲ ਐ ਸਹੁਰੀ ਦਾ ਲੈਟਰ ਲੱਗਿਆ ਪਿਐ - ਸਰਦਾਰਾ ਏਧਰ ਵੀ ਏਹੀ ਹਾਲ ਹੈ। ਸੋ ਉਸੇ ਤਰ੍ਹਾਂ ਬਾਦਲ ਦੀ ਵੀ ਥਾਂ-ਥਾਂ ਤੋਂ ਦੁੱਧ ਪੱਤੀ ਪੀਤੀ ਹੋਈ ਸੀ ਤੇ ਤੇਰਾ ਸਵੇਰ ਦਾ ਅੱਧਾ ਜੱਗ ਪਾਣੀ ਪੀਤਾ ਹੋਇਆ ਸੀ। ਜਿਵੇਂ ਪੁਰਾਣੇ ਸਮੇਂ 'ਚ ਸੌ ਕਿੱਲਿਆਂ ਦੇ ਮਾਲਕ ਜੁਆਲੀ ਦੀ ਤੇ ਗਰੀਬ ਦਿਹਾੜੀਦਾਰ ਚੋਗੂ ਦੀ ਮਿਲਣੀ ਹੋ ਗਈ ਸੀ। ਬੱਸ ਉਸੇ ਤਰ੍ਹਾਂ ਤੁਸੀਂ ਕਾਉਂਕਿਆਂ ਵਾਲੇ ਬਾਥਰੂਮ 'ਚ ਮਿਲ ਪਏ।

ਹੁਣ ਪਿਛਲੇ ਦੱਸ ਸਾਲਾਂ ਤੋਂ ਪ੍ਰਕਾਸ਼ ਸਿੰਘ ਬਾਦਲ ਦਾ ਰਾਜ ਐ। ਉਸਨੂੰ ਤਾਂ ਇਹ ਮਿਲਣੀ ਯਾਦ ਵੀ ਨਹੀਂ ਹੋਣੀ ਕਿ ਕਿਸੇ ਬੰਦੇ ਨੇ ਉਸ ਦਾ ਪਜਾਮਾ ਪਿਸ਼ਾਬ ਨਾਲ ਪਲੀਤ ਹੋਣ ਤੋਂ ਬਚਾਉਣ ਲਈ ਬਾਥਰੂਮ ਦੀ ਕੁੰਡੀ ਖੋਹਲ ਕੇ ਰਾਹਤ ਦਿੱਤੀ ਸੀ। ਨਾਂ ਹੀ ਉਹ ਪਛਾਣ ਸਕਣ। ਪਰ ਉਸ ਦੇ ਪੈਦਾ ਕੀਤੇ ਹਲਾਤਾਂ ਨੂੰ ਪੰਜਾਬ ਦਾ ਹਰ ਵਸ਼ਿੰਦਾ ਹੰਢਾ ਰਿਹਾ ਹੈ। 2005 ਵਾਂਗ ਹੀ ਲੋਕ ਗਰੀਬੀ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਹੰਢਾ ਰਹੇ ਹਨ। ਇਹਨਾਂ ਦੱਸ ਸਾਲਾਂ ਵਿਚ ਇਕ ਹੋਰ ਅਲਾਮਤ ਵਧੀ ਹੈ ਉਸ 'ਚੋਂ ਘਟੀ ਕੋਈ ਨਹੀਂ ਜੋ ਵਧੀ ਹੈ ਉਸ ਸਮੇਂ ਕਾਂਗਰਸ ਦੇ ਰਾਜ ਵਿਚ 1980 ਤੋਂ 1992 ਤੱਕ ਪੰਜਾਬ ਵਿਚ ਅੱਤਵਾਦ ਤੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਪੰਜਾਬ ਦੀ ਜਵਾਨੀ ਦਾ ਘਾਣ ਹੋਇਆ। ਉਪਰੇਸ਼ਨ ਨੀਲਾ ਤਾਰਾ, ਉਪਰੇਸ਼ਨ ਕਾਲੀ ਗਰਜ, ਪੱਚੀ ਹਜ਼ਾਰ ਲਾਵਾਰਸ ਨੌਜਵਾਨ ਲਾਸ਼ਾਂ ਜੋ ਕਾਂਗਰਸ ਦੀ ਹਕੂਮਤ ਦਾ ਹਿਸਾ ਸਨ। ਪਰ ਬਾਦਲ ਦੇ ਰਾਜ ਵਿਚ ਇਹ ਨਹੀਂ ਸੀ। ਭਾਵੇਂ ਕਿ 1968 ਵਿਚ ਨਕਸਲਬਾੜੀ ਲਹਿਰ ਨੂੰ ਕੁਚਲਣ ਲਈ ਝੂਠੇ ਪੁਲਿਸ ਮੁਕਾਬਲਿਆਂ ਦਾ ਮੁੱਢ ਜਵਾਨੀ ਪਹਿਰੇ ਪ੍ਰਕਾਸ਼ ਸਿੰਘ ਬਾਦਲ ਨੇ ਹੀ ਬੰਨ੍ਹਿਆ ਸੀ। ਪਰ ਬਾਦਲ ਦੇ ਰਾਜ ਵਿਚ ਇਹ ਘਾਣ ਬਦਲਵੇਂ ਰੂਪ ਵਿਚ ਹੋ ਰਿਹਾ ਹੈ। ਉਚ ਅਧਿਕਾਰੀਆਂ ਉਪਰ ਸਿਆਸੀ ਦਬਾਓ ਤਹਿਤ ਹੈਰੋਇਨ, ਚਿੱਟੇ ਅਤੇ ਨਸ਼ੇ ਦੇ ਹੋਰ ਸਰੋਤਾਂ ਰਾਹੀਂ ਜਵਾਨੀ ਦਾ ਘਾਣ ਪਹਿਲਾਂ ਵਾਂਗ ਹੀ ਹੋ ਰਿਹਾ ਹੈ। ਕਾਂਗਰਸ ਸਮੇਂ ਝੂਠੇ ਪੁਲਿਸ ਮੁਕਾਬਲੇ ਸਨ ਤੇ ਪੰਥਕ ਹਕੂਮਤ ਸਮੇਂ ਇਹਨਾਂ ਵੱਲੋਂ ਵੇਚੇ ਜਾ ਰਹੇ ਸੱਚੇ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਾ ਰਹੇ ਹਨ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਨੂੰ ਜਾਅਲੀ ਬੀਜ ਅਤੇ ਕੀਟਨਾਸ਼ਕ ਵੇਚੇ ਜਾ ਰਹੇ ਹਨ। ਖੇਤ ਸੁਹਾਗਣ ਤੋਂ ਵਿਧਵਾ ਵਾਲਾ ਸੰਤਾਪ ਭੋਗ ਰਹੇ ਹਨ। ਲੁੱਟਾਂ ਖੋਹਾਂ ਦਾ ਸਹਿਮ ਦਿਨੋਂ-ਦਿਨ ਵਧ ਰਿਹਾ ਹੈ। ਪਰ ਹੁਣ ਬਾਦਲ ਕਿਸੇ ਨੂੰ ਵੀ ਸਮਾਂ ਨਹੀਂ ਦੇ ਰਹੇ। ਕਿਉਂਕਿ ਹੁਣ ਉਹਨਾਂ ਦਾ ਸਮਾਂ ਕੀਮਤੀ ਹੈ। ਜਿਵੇਂ ਹਰ ਹਕੂਮਤ ਦੀਆਂ ਚੂਲਾਂ ਚਿਰਮਿਰਾ ਜਾਂਦੀਆਂ ਹਨ। ਬਿਲਕੁਲ ਉਸ ਪੈਟਰੋਲ ਪੰਪ ਦੀ ਇਮਾਰਤ ਅੱਜ ਚਿਰਮਿਰਾ ਚੁੱਕੀ ਹੈ। ਉਹ (HP) ਹਿੰਦੋਸਤਾਨ ਪੈਟਰੋਲੀਅਮ ਢਹਿ ਢੇਰੀ ਹੋ ਚੁੱਕਾ ਹੈ। ਸਿਰਫ਼ ਮਲਬਾ ਹੀ ਖੜ੍ਹਾ ਹੈ ਜਿਸ ਦਾ ਬਾਥਰੂਮ ਮੇਰੀ ਤੇ ਪ੍ਰਕਾਸ਼ ਸਿੰਘ ਬਾਦਲ ਦੀ ਹਾਜਤ ਮਿਲਣੀ ਦਾ ਕੇਂਦਰ ਸੀ। ਹੁਣ ਵੀ ਜਦ ਮੋਗੇ-ਬੱਧਨੀ ਜਾਂਦੇ ਆਉਂਦੇ ਸਮੇਂ ਨਜ਼ਰ ਇਸ ਪੈਟਰੋਲ ਪੰਪ ਤੇ ਪੈਂਦੀ ਹੈ ਤਾਂ ਉਹ ਦਿਨ ਯਾਦ ਆ ਜਾਂਦਾ ਹੈ ਜਦ ਪੰਜਾਬ ਦੇ ਮੁੱਖ ਮੰਤਰੀ ਤੇ ਇਕ ਸਧਾਰਨ ਅਧਿਆਪਕ ਇਸਦੇ ਹਾਜਤ ਰੂਮ (ਪਿਸ਼ਾਬ) ਘਰ ਵਿਚ ਮਿਲੇ ਸੀ ਤੇ ਦੋ ਸ਼ਬਦ ਸਾਂਝੇ ਕੀਤੇ ਸਨ। ਇਹ ਦੇਖ ਕੇ ਮਨ 'ਚ ਬੁੱਲ੍ਹੇ ਸ਼ਾਹ ਦੇ ਬੋਲ ਯਾਦ ਆ ਜਾਂਦੇ ਹਨ ਕਿ ਏਥੇ ਬੰਦੇ ਹੀ ਨਹੀਂ ਸਗੋਂ ਵਪਾਰਕ ਅਦਾਰੇ ਮਕਾਨ, ਦੁਕਾਨ, ਪੈਟਰੋਲ ਪੰਪ ਵੀ ਸਮਾਂ ਆਉਣ ਤੇ ਖੰਡਰ ਬਣ ਜਾਂਦੇ ਹਨ-

"ਬੁੱਲ੍ਹੇ ਸ਼ਾਹ ਇਕ ਤੇਰੇ ਬਾਝੋਂ ਰੰਗ ਫਿੱਕੇ ਨੇ ਸਾਰੇ
ਤੂੰ ਤੂੰ ਕਰਕੇ ਜਿੱਤੇ ਜਿਹੜੇ ਮੈਂ ਮੈਂ ਕਰਕੇ ਹਾਰੇ।
ਬੁੱਲ੍ਹੇ ਸ਼ਾਹ ਏਥੇ ਸਭ ਮੁਸਾਫਰ ਬੈਠ ਕਿਸੇ ਨਾ ਰਹਿਣਾ
ਆਪਣੀ ਆਪਣੀ ਵਾਟ ਮੁਕਾ ਕੇ ਸਭ ਨੇ ਹੀ ਢਹਿਣਾ।"

## ਅਲਵਿਦਾ



ਤੇਰੇ ਸ਼ੀਸ਼ਿਆ ਦੇ ਸ਼ਹਿਰ ਨੂੰ ਅਲਵਿਦਾ ਕਹਿ ਦਵਾਂ
ਕੇ ਮੇਰਾ ਪੱਥਰਾਂ ਦੇ ਵਰਗਾ ਸੁਭਾਅ ਹੋ ਰਿਹਾ

ਜਾਣ ਬੁੱਝ ਨਾ ਕਰਾ ਸਜਣਾ ਖੁਨਾਮੀਆ
ਮੇਰੇ ਵਿਚ ਯਾਰਾ ਪਹਿਲਾਂ ਵੀ ਨੇ ਬਹੁਤ ਖਾਮੀਆਂ
ਖਾਮੋਸ਼ ਰਹਿਣਾ ਚਾਹੁੰਦਾ ਹਾਂ ਕੁਝ ਦੇਰ ਲਈ
ਹੱਥੀਂ ਆਪਣੇ ਮੈਂ ਆਪ ਹੀ ਜਿੱਭਾਂ ਹੋ ਰਿਹਾਂ
ਤੇਰੇ ਸ਼ੀਸ਼ਿਆਂ ਦੇ ਸ਼ਹਿਰ..................

ਜਲਾਵਤਨਾ ਦੇ ਵਾਂਗ ਇਥੇ ਸਮਾਂ ਮੈ ਗੁਜਾਰਾਂ
ਮੇਰੇ ਆਪਣੇ ਹੀ ਜਦੋਂ ਮੈਥੋਂ ਕਰਗੇ ਕਿਨਾਰਾ
ਬੜੀ ਖੁਸ਼ੀ ਕਰ ਲਈਆਂ ਮਨਜ਼ੂਰ ਅਸਾਂ ਹਾਰਾਂ
ਹੁਣ ਕਿਸ ਨਾਲ ਜਿਦ ਸਾਡੀ ਕਿਸ ਨਾਲ ਵੈਰ
ਮਨ ਆਪਣੇ ਹੀ ਆਪ ਤੇ ਖਫਾ ਹੋ ਗਿਆ
ਤੇਰੇ ਸ਼ੀਸ਼ਿਆਂ ਦੇ ਸ਼ਹਿਰ.....................

ਭੁੱਲ ਚੁੱਕੇ ਕੋਈ ਯਾਦ ਹੀ ਨਾ ਧੱਕਾ ਮਾਰਦੇ
ਮੇਰਾ ਸੰਭਲਿਆ ਹੋਇਆ ਹੋਸ਼ ਨਾ ਖਿਲਾਰਦੇ
ਕੇ ਤੇਰੇ ਉੱਚਿਆ ਮੀਨਾਰਿਆਂ ਦੀ ਸ਼ਾਨ ਹਾਰਜੇ
ਥੰਮ ਰੇਤ ਦਾ ਹੀ ਲੋਹੇ ਦੇ ਜਿਹਾ ਹੋ ਰਿਹਾ ਹੈ
ਤੇਰੇ ਸ਼ੀਸ਼ਿਆਂ ਦੇ ਸ਼ਹਿਰ..................

ਪਹਿਲਾਂ ਇਸ ਤੋਂ ਕੇ ਸ਼ਹਿਰ 'ਚ ਮਜ਼ਾਕ ਉੱਡ ਜੇ
ਫੇਰ ਮਿਲਣੇ ਦੀ ਜ਼ਿੰਦਗੀ 'ਚ ਝਾਕ ਉੱਡ ਜੇ
ਗੂੜ੍ਹੀ ਦੋਸਤੀ ਦੀ ਗਲੀਆਂ ਚ ਖਾਕ ਉੱਡਜੇ
ਨਾਮਸੌਤ ਸਾਂਭ ਲੇਜਾ ਅਨਮੋਲ ਰਿਸ਼ਤੇ
ਕੋਈ ਆਖਦੇ ਨਾ ਯਾਰ ਬੇ ਵਫਾ ਹੋ ਰਿਹਾ ਹੈ
ਤੇਰੇ ਸ਼ੀਸ਼ਿਆਂ ਦੇ ਸ਼ਹਿਰ..................

ਜਸਵੀਰ ਪੁੜੈਣ